# ਪੰਜਾਬ ਦੇ ਛੋਟੇ ਕਿਸਾਨਾਂ ਦਾ ਘਾਣ ਕਰਨ ਲਈ ਕੇਂਦਰੀ ਸਰਕਾਰ ਦੀ ਇਕ ਹੋਰ ਸਕੀਮ

ਹਿੰਦੁਸਤਾਨ ਦਾ 60 ਫ਼ੀ ਸਦੀ ਤੋਂ ਜ਼ਿਆਦਾ ਅਨਾਜ ਪੰਜਾਬ ਵਿਚ ਪੈਦਾ ਹੁੰਦਾ ਹੈ। ਇਸ ਕਰਕੇ ਪੰਜਾਬ ਨੂੰ ਹਿੰਦੁਸਤਾਨ ਦਾ ਅੰਨਦਾਤਾ ਵੀ ਕਿਹਾ ਜਾਂਦਾ ਹੈ। ਪਰ ਹੁਣ ਤੱਕ ਦੀਆਂ ਸਾਰੀਆਂ ਸਰਕਾਰਾਂ ਦੀਆਂ ਆਰਥਕ ਨੀਤੀਆਂ ਪੰਜਾਬ ਦੇ ਵਾਤਾਵਰਣ ਲਈ ਅਤੇ ਛੋਟੇ ਕਿਸਾਨਾਂ ਲਈ ਮਾਰੂ ਸਾਬਤ ਹੋਈਆਂ ਹਨ ਅਤੇ ਹੁਣ ਇਨ੍ਹਾਂ ਦਾ ਘਾਣ ਕਰ ਰਹੀਆਂ ਹਨ। ਪੰਜਾਬ ਦੇ 138 ਬਲਾਕਾਂ ਵਿਚੋਂ 108 ਬਲਾਕਾਂ ਵਿਚ ਪਾਣੀ ਦਾ ਸਤਰ ਹੁਣ ਬਹੁਤ ਹੀ ਹੇਠਾਂ ਚਲਾ ਗਿਆ ਹੈ। ਇਸ ਨਾਲ ਪਾਣੀ ਦੀ ਘਾਟ ਵੱਧਣ ਦੇ ਨਾਲ ਨਾਲ ਪਾਣੀ ਬਾਹਰ ਖਿਚਣ ਦੀ ਲਾਗਤ ਵੀ ਵੱਧਦੀ ਜਾਂਦੀ ਹੈ। ਪੰਜਾਬ ਦੇ ਛੋਟੇ ਕਿਸਾਨਾਂ ਨੂੰ ਪਹਿਲਾਂ ਹੀ ਖੇਤੀ ਬਾੜੀ ਵਿਚ ਨੁਕਸਾਨ ਉਠਾਉਣਾ ਪੈਂਦਾ ਹੈ। ਉਨ੍ਹਾਂ ਦੀਆਂ ਫ਼ਸਲਾਂ ਦੀ ਕੀਮਤ ਘੱਟ ਦਿੱਤੀ ਜਾਂਦੀ ਹੈ ਅਤੇ ਖੇਤੀ ਬਾੜੀ ਦਾ ਧੰਦਾ ਹੁਣ ਉਨ੍ਹਾਂ ਲਈ ਕੋਈ ਲਾਹੇਵੰਦ ਨਹੀਂ ਰਿਹਾ। ਸਰਕਾਰ ਨੇ ਹੁਣ ਡਾਈਵਰਸੀਫ਼ੀਕੇਸ਼ਨ (ਭਾਂਤ ਭਾਂਤ ਦੀਆਂ ਫ਼ਸਲਾਂ ਲਾਉਣਾ) ਦੀ ਇਕ ਨਵੀਂ ਸਕੀਮ ਦਾ ਰੌਲਾ ਪਾਉਣਾ ਸ਼ੁਰੂ ਕੀਤਾ ਹੈ। ਸਰਕਾਰ ਦੀ ਸਕੀਮ ਹੈ ਕਿ ਪੰਜਾਬ ਵਿਚ ਪੈਦਾ ਕੀਤਿਆਂ ਜਾਂਦੀਆਂ ਦੀਆਂ ਫ਼ਸਲਾਂ ਦੀਆਂ ਕਿਸਮਾਂ ਦਾ ਘੇਰਾ ਵਿਸ਼ਾਲ ਕੀਤਾ ਜਾਵੇ ਅਤੇ ਕਣਕ ਤੇ ਝੋਨੇ ਦੇ ਨਾਲ ਨਾਲ ਕਈ ਹੋਰ ਫ਼ਸਲਾਂ ਦੀ ਵੀ ਕਾਸ਼ਤ ਕੀਤੀ ਜਾਵੇ। ਜ਼ਾਹਰ ਹੈ ਕਿ ਇਸ ਸਕੀਮ ਤਹਿਤ ਨਵੀਆਂ ਫਸਲਾਂ ਉਗਾਉਣ ਲਈ ਕਿਸਾਨਾਂ ਲਈ ਖੇਤੀ ਦੇ ਖ਼ਰਚੇ ਹੋਰ ਵੱਧ ਜਾਣਗੇ ਕਿਉਂਕਿ ਨਵੇਂ ਬੀਜ ਆਦਿ ਮਹਿੰਗੇ ਮਿਲਣਗੇ। ਉਨ੍ਹਾਂ ਦੀ ਲਾਗਤ ਵੀਹ ਫ਼ੀ ਸਦੀ ਅਤੇ ਪਾਣੀ ਦੀ ਖ਼ਪਤ ਪੰਦਰਾਂ ਫ਼ੀ ਸਦੀ ਹੋਰ ਵੱਧ ਜਾਣ ਦਾ ਡਰ ਹੈ ਅਤੇ ਕਿਸਾਨਾਂ ਦਾ ਹੋਰ ਵੀ ਕਚੂਮਰ ਨਿਕਲੇਗਾ। ਇਕ ਖੋਜ ਮੁਤਾਬਿਕ, ਪੰਜਾਬ ਦੇ ਛੋਟੇ ਕਿਸਾਨਾਂ ਨੂੰ ਪਹਿਲਾਂ ਹੀ ਹਰ ਸਾਲ 1500 ਕਰੋੜ ਰੁਪਏ ਦਾ ਘਾਟਾ ਪੈਂਦਾ ਹੈ ਕਿਉਂਕਿ ਬੀਜ, ਡੀਜ਼ਲ, ਖਾਦ ਅਤੇ ਹੋਰ ਵਸਤਾਂ ਮਹਿੰਗੇ ਭਾਅ ਤੇ ਖਰੀਦਣੇ ਪੈਂਦੇ ਹਨ ਪਰ ਫ਼ਸਲਾਂ ਦੀ ਵਾਜਬ ਕੀਮਤ ਨਹੀਂ ਮਿਲਦੀ। ਕਿਸਾਨਾਂ ਦੇ ਜ਼ਖ਼ਮਾਂ ਤੇ ਲੂਣ ਛਿੜਕਦੇ ਹੋਏ ਕੇਂਦਰੀ ਸਰਕਾਰ ਨੇ ਐਲਾਨ ਕੀਤਾ ਹੈ ਕਿ ਸਰਕਾਰ ਇਸ ਸਾਲ ਪੰਜ ਲੱਖ ਟੰਨ ਕਣਕ ਵਿਦੇਸ਼ਾਂ ਤੋਂ ਖ਼ਰੀਦੇਗੀ। ਸਰਕਾਰ ਦੇ ਇਸ ਐਲਾਨ ਨਾਲ ਕਣਕ ਦੀ ਨਵੀਂ ਫਸਲ ਤਿਆਰ ਹੋਣ ਸਮੇਂ ਕਣਕ ਦੀ ਕੀਮਤ ਘੱਟ ਜਾਵੇਗੀ ਤੇ ਕਿਸਾਨਾਂ ਨੂੰ ਆਪਣੀ ਫਸਲ ਹੋਰ ਵੀ ਸਸਤੇ ਭਾਅ ਵੇਚਣੀ ਪਵੇਗੀ। ਜਿਸ ਹਿਸਾਬ ਨਾਲ ਹੁਣ ਖੇਤੀ ਬਾੜੀ ਦੀ ਲਾਗਤ ਵਧਦੀ ਜਾ ਰਹੀ ਹੈ ਫਸਲਾਂ ਦੀ ਕੀਮਤ ਉਸ ਹਿਸਾਬ ਨਾਲ ਨਹੀਂ ਵਧ ਰਹੀ। ਹਰ ਸਾਲ ਕਰੋੜਾਂ ਰੁਪਏ ਦਾ ਪੈਂਦਾ ਘਾਟਾ ਕਿਸਾਨਾਂ ਨੂੰ ਕਰਜ਼ੇ ਦੇ ਭਾਰ ਹੇਠ ਦਰੜ ਰਿਹਾ ਹੈ। ਕਈ ਥਾਵੀਂ ਪਿੰਡਾਂ ਦੇ ਪਿੰਡ ਦੇ ਕਰਜ਼ੇ ਨਾਲ ਦੱਬੇ ਹੋਏ ਹਨ। ਬਠਿੰਡੇ ਜ਼ਿਲ੍ਹੇ ਦਾ ਤਾਂ ਇਕ ਪੂਰੇ ਦਾ ਪੂਰਾ ਵਿਕਾਊ ਹੈ। ਪਿੰਡ ਵੜਦਿਆਂ ਹੀ ਇਕ ਇਸ਼ਤਿਹਾਰ ਦੱਸਦਾ ਹੈ ਕਿ ਇਹ ਪਿੰਡ ਵਿਕਾਊ ਹੈ।

ਪੰਜਾਬ ਦੇ ਛੋਟੇ ਕਿਸਾਨਾਂ ਦਾ ਇਹ ਭੈੜਾ ਹਾਲ ਕੋਈ ਇਤਫ਼ਾਕੀਆ ਗੱਲ ਨਹੀਂ, ਹਿੰਦੁਸਤਾਨ ਦੀਆਂ ਹਾਕਮ ਜਮਾਤਾਂ ਅਤੇ ਉਨ੍ਹਾਂ ਦੇ ਰਾਜ ਤੰਤ੍ਰ ਦੀ ਛੋਟੇ ਕਿਸਾਨ ਵਿਰੋਧੀ ਆਰਥਕ ਅਤੇ ਖੇਤੀਬਾੜੀ ਨੀਤੀ ਦਾ ਇਕ ਲਾਜ਼ਮੀ ਨਤੀਜਾ ਹੈ। ਇਹ ਸਾਮਰਾਜ ਵਲੋਂ ਠੋਸੀ ਹੋਈ ਡਿਵੈਲਪਮੈਂਟ ਦਾ ਹੀ ਨਤੀਜਾ ਹੈ। ਇਨ੍ਹਾਂ ਨੀਤੀਆਂ ਅਤੇ ਇਸ ਡਿਵੈਲਪਮੈਂਟ ਦਾ ਮਕਸਦ ਹਰ ਚੀਜ਼ ਨੂੰ ਮੰਡੀ ਲਈ ਪੈਦਾ ਕਰਨਾ ਹੈ ਲੋਕਾਂ ਦੀਆਂ ਲੋੜਾਂ ਪੂਰੀਆਂ ਕਰਨ ਲਈ ਨਹੀਂ। ਮੰਡੀ ਵਿਚ ਵਸਤਾਂ ਦੀਆਂ ਕੀਮਤਾਂ ਵੱਡੇ ਸਰਮਾਏਦਾਰ ਅਤੇ ਉਨ੍ਹਾਂ ਦਾ ਰਾਜ ਤੰਤ੍ਰ ਹੀ ਕੰਟਰੋਲ ਕਰਦੇ ਹਨ। ਮਿਸਾਲ ਦੇ ਤੌਰ ਤੇ ਡੀਜ਼ਲ, ਖਾਦ, ਬੀਜ, ਟਰੈਕਟਰ, ਇੰਜਣ ਅਤੇ ਹੋਰ ਵਸਤਾਂ ਦੇ ਭਾਅ ਵੱਡੀਆਂ ਕੰਪਨੀਆਂ ਆਪ ਮਿਥਦੀਆਂ ਹਨ ਅਤੇ ਕਿਸਾਨਾਂ ਦੀਆਂ ਫਸਲਾਂ ਦੀਆਂ ਕੀਮਤਾਂ ਨੂੰ ਵੀ ਰਾਜ ਤੰਤ੍ਰ ਦੇ ਕੰਟਰੋਲ ਰਾਹੀਂ ਇਹ ਸਰਮਾਏਦਾਰ ਆਪ ਹੀ ਤੈਅ ਕਰਦੇ ਹਨ। ਅੱਜ ਦੇ ਦੌਰ ਵਿਚ ਖੇਤੀ ਸਿਰਫ਼ ਵੱਡੇ ਜਗੀਰਦਾਰ ਅਤੇ ਵੱਡੇ ਜ਼ਿਮੀਦਾਰ ਲਈ ਹੀ ਲਾਹੇਵੰਦ ਰਹਿ ਗਈ ਹੈ, ਛੋਟੇ ਕਿਸਾਨਾਂ ਦੀ ਕੀਤੀ ਕਰਾਈ ਤਾਂ ਮੰਡੀ ਦੀਆਂ ਤਾਕਤਾਂ ਦੀ ਭੇਂਟ ਹੀ ਚੜ੍ਹ ਜਾਂਦੀ ਹੈ।

ਖ਼ੇਤੀ ਦੇ ਕਿੱਤੇ ਵਿਚੋਂ ਛੋਟੇ ਕਿਸਾਨਾਂ ਦਾ ਨਿਕਲਣ ਲਈ ਮਜਬੂਰ ਹੋਣਾ ਸਿਰਫ਼ ਹਿੰਦੁਸਤਾਨ ਦੀ ਹੀ ਗੱਲ ਨਹੀਂ ਕੌਮਾਂਤਰੀ ਪੱਧਰ ਤੇ ਵੀ ਇਹੋ ਹੀ ਹਾਲ ਹੈ। ਮਿਸਾਲ ਦੇ ਤੌਰ ਤੇ ਅਮਰੀਕਾ ਵਿਚ 1940 ਵਿਚ ਅਬਾਦੀ ਦੇ 90 ਫ਼ੀ ਸਦੀ ਦੇ ਕਰੀਬ ਲੋਕ ਖੇਤੀ ਬਾੜੀ ਨਾਲ ਆਪਣਾ ਗੁਜ਼ਾਰਾ ਕਰਦੇ ਸੀ ਪਰ ਹੁਣ ਸਿਰਫ਼ ਦੋ ਫ਼ੀ ਸਦੀ ਹੀ ਖੇਤੀ ਬਾੜੀ ਕਰਦੇ ਹਨ। ਅਮਰੀਕਾ ਦੀ ਖੇਤੀ ਬਾੜੀ ਦਾ ਸਾਰਾ ਕੰਟਰੋਲ ਹੁਣ ਦੋ-ਤਿੰਨ ਵੱਡੀਆਂ ਕੰਪਨੀਆਂ ਦੇ ਹੀ ਹੱਥ ਵਿਚ ਹੈ।

ਮਨਮੋਹਨ ਸਿੰਘ ਦੀ ਸਰਕਾਰ ਅਮਰੀਕਨ ਸਾਮਰਾਜ ਅਤੇ ਹੋਰਨਾਂ ਨਾਲ ਰਲ ਕੇ ਹੁਣ ਵਿਸ਼ਵ ਵਪਾਰ ਸੰਗਠਨ ਅਤੇ ਹੋਰ ਸਾਮਰਾਜੀ ਅਦਾਰਿਆਂ ਰਾਹੀਂ ਛੋਟੇ ਕਿਸਾਨਾਂ ਦੀ ਤਬਾਹੀ ਨੂੰ ਹੋਰ ਤੇਜ਼ ਕਰ ਰਹੀ ਹੈ। ਇਸ ਨਾਲ ਵੱਡੇ ਜਗੀਰਦਾਰ ਅਤੇ ਖੇਤੀਬਾੜੀ ਦਾ ਕਾਰੋਬਾਰ ਕਰਨ ਵਾਲੀਆਂ ਵੱਡੀਆਂ ਕੰਪਨੀਆਂ ਦੇ ਮੁਨਾਫ਼ੇ ਤਾਂ ਜ਼ਰੂਰ ਵੱਧ ਰਹੇ ਹਨ ਪਰ ਆਮ ਅਤੇ ਛੋਟੇ ਕਿਸਾਨ ਦੀ ਬਰਬਾਦੀ ਹੋ ਰਹੀ ਹੈ। ਪਿੰਡਾ ਦੇ ਪਿੰਡ ਕਰਜ਼ੇ ਦੀ ਜਕੜ ਵਿਚ ਫਸੇ ਹੋਏ ਹਨ। ਹਜ਼ਾਰਾਂ ਹੀ ਕਿਸਾਨਾਂ ਖ਼ੁਦਕਸ਼ੀਆਂ ਕਰ ਚੁਕੇ ਹਨ। ਛੋਟੇ ਕਿਸਾਨ ਜ਼ਮੀਨਾਂ ਵੇਚਕੇ ਸ਼ਹਿਰਾਂ ਵੱਲ ਅਤੇ ਵਿਦੇਸ਼ਾਂ ਵੱਲ ਜਾ ਰਹੇ ਹਨ ਅਤੇ ਰੋਟੀ ਦੀ ਭਾਲ ਵਿਚ ਖੱਜਲ ਹੋ ਰਹੇ ਹਨ। ਪੰਜਾਬ ਦੇ ਪਿੰਡਾਂ ਵਿਚੋਂ ਨੌਜਵਾਨਾਂ ਦੇ ਕਾਫਲਿਆਂ ਦਾ ਸ਼ਹਿਰਾਂ ਵੱਲ ਜਾਂ ਵਿਦੇਸ਼ਾਂ ਵੱਲ ਸਫ਼ਰ ਨਿਰੰਤਰ ਜਾਰੀ ਹੈ। ਹਿੰਦੁਸਤਾਨ ਦੇ ਸ਼ਹਿਰਾਂ ਵਿਚ ਉਨ੍ਹਾਂ ਲਈ ਕੋਈ ਰੁਜ਼ਗਾਰ ਨਹੀਂ ਹੈ ਅਤੇ ਵਿਦੇਸ਼ਾਂ ਦੇ ਸ਼ਹਿਰਾਂ

ਵਿਚ ਜਾਣ ਲਈ ਉਨ੍ਹਾਂ ਨੂੰ ਲੱਖਾਂ ਰੁਪਏ ਤਾਂ ਖ਼ਰਚਣੇ ਪੈਂਦੇ ਹੀ ਹਨ, ਜੋ ਆਮ ਤੌਰ ਤੇ ਕਰਜ਼ਾ ਚੁਕ ਕੇ ਹੀ ਖਰਚੇ ਹੁੰਦੇ ਹਨ, ਪਰ ਉਥੇ ਜਾ ਕੇ ਵੀ ਉਨ੍ਹਾਂ ਨੂੰ ਸਾਲਾਂ ਬੱਧੀ ਘੱਟ ਤੋਂ ਘੱਟ ਤਨਖ਼ਾਹ ਤੇ ਕੰਮ ਕਰਨ ਲਈ ਮਜਬੂਰ ਹੋਣਾ ਪੈਂਦਾ ਹੈ ਕਿਉਂਕਿ ਉਨ੍ਹਾਂ ਕੋਲ ਪੱਕੇ ਕਾਗ਼ਜ਼ ਨਹੀਂ ਹੁੰਦੇ ਅਤੇ ਰੁਜ਼ਗਾਰ ਦਾ ਸੰਕਟ ਹੁਣ ਬਾਹਰਲੇ ਮੁਲਕਾਂ ਵਿਚ ਵੀ ਬਹੁਤ ਡੂੰਘਾ ਹੈ।

**ਕੀ ਇਸ ਬਰਬਾਦੀ ਦਾ ਕੋਈ ਇਲਾਜ ਹੈ?**

ਵੇਖਿਆ ਜਾਵੇ ਤਾਂ ਪੰਜਾਬ ਦੀ ਧਰਤੀ ਚ` ਕਿਸੇ ਵੀ ਚੀਜ਼ ਦੀ ਘਾਟ ਨਹੀਂ ਹੈ। ਇਥੇ ਦੀ ਜ਼ਮੀਨ ਉਪਜਾਊ ਹੈ, ਲੋਕ ਮਿਹਨਤੀ ਹਨ ਅਤੇ ਦਰਿਆਵਾਂ ਦਾ ਪਾਣੀ ਹੈ। ਲੋਕਾਂ ਦੀ ਮਿਹਨਤ ਅਤੇ ਦਰਿਆਵਾਂ ਦੇ ਪਾਣੀਆਂ ਨਾਲ ਇਹ ਧਰਤੀ ਮੁਦਤਾਂ ਤੋਂ ਸੋਨਾ ਪੈਦਾ ਕਰਦੀ ਆਈ ਹੈ। ਪਰ ਇਥੇ ਦੀ ਕਿਸਾਨੀ ਦੀ ਬਰਬਾਦੀ ਹੀ ਹੁੰਦੀ ਚਲੀ ਜਾ ਰਹੀ ਹੈ। ਕੀ ਕਿਸਾਨ ਇਸ ਤਬਾਹੀ ਅਤੇ ਬਰਬਾਦੀ ਨੂੰ ਰੋਕ ਸਕਦੇ ਹਨ? ਕੀ ਇਸਦਾ ਕੋਈ ਇਲਾਜ ਹੈ? ਇਹ ਸੁਆਲ ਆਮ ਲੋਕਾਂ ਦੀ ਜ਼ਬਾਨ ਤੇ ਹਨ। ਸਰਕਾਰੀ ਅਦਾਰੇ ਅਤੇ ਪੰਜਾਬ ਦੀਆਂ ਯੂਨੀਵਰਸਟੀਆਂ ਦੇ ਮਾਹਿਰਾਂ ਦਾ ਜਵਾਬ ਹੈ ਕਿ ਇਹਦਾ ਕੋਈ ਇਲਾਜ ਨਹੀਂ, ਇਹ ਕੌੜਾ ਘੁੱਟ ਤਾਂ ਪੀਣਾ ਹੀ ਪਵੇਗਾ। ਪੰਜਾਬ ਦੀ ਡਿਵੈਲਪਮੈਂਟ ਲਈ ਇਹ ਕੀਮਤ ਤਾਰਨੀ ਹੀ ਪੈਣੀ ਹੈ। ਸਰਕਾਰੀ ਮਾਹਿਰਾਂ ਅਤੇ ਸਿਆਸੀ ਪਾਰਟੀਆਂ ਦੇ ਲੀਡਰਾਂ ਮੁਤਾਬਿਕ ਇਸ ਮਸਲੇ ਦਾ ਕੋਈ ਹੱਲ ਨਹੀਂ ਹੈ ਤੇ ਮੰਡੀ ਦੀ ਦੇਵੀ ਨੂੰ ਇਹ ਕੁਰਬਾਨੀ ਦੇਣੀ ਹੀ ਪਵੇਗੀ। ਹੁਣ ਉਨ੍ਹਾਂ ਨੇ ਖੇਤੀ ਦੀ ਡਾਈਵਰਸੀਫੀਕੇਸ਼ਨ ਕਰਨ ਦਾ ਇਕ ਹੋਰ ਸ਼ੋਸ਼ਾ ਛੱਡਿਆ ਹੈ।

ਪਰ ਕਿਸਾਨ ਇਸ ਤਬਾਹੀ ਤੋਂ ਬਚਾਅ ਦੀ ਭਾਲ ਵਿਚ ਹਨ ਅਤੇ ਇਸ ਤਬਾਹੀ ਤੋਂ ਬਚਣਾ ਚਾਹੁੰਦੇ ਹਨ। ਕਿਸਾਨਾਂ ਨੂੰ ਇਸ ਤਬਾਹੀ ਦੇ ਬੁਨਿਆਦੀ ਕਾਰਨਾਂ ਨੂੰ ਸਮਝ ਕੇ ਅਤੇ ਇਹਦੀ ਜੜ੍ਹ ਨੂੰ ਖ਼ਤਮ ਕਰਕੇ ਹੀ ਇਸ ਬਿਮਾਰੀ ਦਾ ਇਲਾਜ ਲੱਭੇਗਾ। ਉਨ੍ਹਾਂ ਦੀ ਇਸ ਬਰਬਾਦੀ ਦਾ ਬੁਨਿਆਦੀ ਕਾਰਨ ਇਹ ਹੈ ਕਿ ਮੌਜੂਦਾ ਨਿਜ਼ਾਮ ਵਿਚ ਪੈਦਾਵਾਰ ਦਾ ਸਾਰਾ ਮੰਤਵ ਹਰ ਚੀਜ਼ ਮੰਡੀ ਲਈ ਅਤੇ ਮੁਨਾਫ਼ੇ ਲਈ ਪੈਦਾ ਕਰਨਾ ਹੈ ਲੋਕਾਂ ਦੀਆਂ ਲੋੜਾਂ ਲਈ ਨਹੀਂ। ਮੰਡੀ ਵਿਚ ਫਸਲਾਂ ਦਾ ਭਾਅ ਬੰਨ੍ਹਣਾ ਕਿਸਾਨਾਂ ਦੇ ਹੱਥ ਵਿਚ ਨਹੀਂ ਵੱਡੇ ਸਰਮਾਏਦਾਰਾਂ ਅਤੇ ਸਾਮਰਾਜੀ ਕੰਪਨੀਆਂ ਦੇ ਹੱਥ ਵਿਚ ਹੈ ਅਤੇ ਜਾਂ ਇਨ੍ਹਾਂ ਦੀਆਂ ਸਰਕਾਰਾਂ ਅਤੇ ਰਾਜ ਤੰਤ੍ਰ ਦੇ ਹੱਥਾਂ ਵਿਚ ਹੈ ਜੋ ਇਨ੍ਹਾਂ ਦਾ ਹੀ ਹੱਥ-ਠੋਕਾ ਹਨ।

ਕਿਸਾਨਾਂ ਦੀ ਤਾਕਤ ਸਿਰਫ਼ ਉਨ੍ਹਾਂ ਦੀ ਤਾਦਾਦ, ਏਕਤਾ ਅਤੇ ਸੇਧ ਹੈ। ਇਸ ਤੋਂ ਇਲਾਵਾ ਉਨ੍ਹਾਂ ਕੋਲ ਕੋਈ ਤਾਕਤ ਨਹੀਂ। ਉਹ ਮੰਡੀ ਦੇ ਕਿਸੇ ਫ਼ੈਸਲੇ ਚ` ਕੋਈ ਦਖ਼ਲ ਨਹੀਂ ਦੇ ਸਕਦੇ ਹਨ ਅਤੇ ਨਾ ਸਰਕਾਰ ਦੇ ਕਿਸੇ ਫੈਸਲੇ ਵਿਚ ਦਖਲ ਦੇ ਸਕਦੇ ਹਨ। ਇਨ੍ਹਾਂ ਉੱਤੇ ਉਨ੍ਹਾਂ ਦਾ ਕੋਈ ਕੰਟਰੋਲ ਨਹੀਂ। ਆਪਣੀ ਤਾਦਾਦ, ਏਕਤਾ ਅਤੇ ਸੋਚ ਦੀ ਸ਼ਕਤੀ ਨਾਲ ਉਹ ਪੰਜਾਬ ਅਤੇ ਹਿੰਦੁਸਤਾਨ ਦੇ ਹੋਰ ਲੁਟੀਂਦੇ ਲੋਕਾਂ ਨਾਲ ਇਕਮੁੱਠ ਹੋਕੇ ਅਤੇ ਆਪਣੇ ਦਰਸ਼ਨ ਜਾਂ ਫ਼ਲਸਫ਼ੇ ਤੋਂ ਸੇਧ ਲੈ ਕੇ ਉਹ ਇਸ ਤਬਾਹੀ ਤੋਂ ਬਚ ਸਕਦੇ ਹਨ। ਇਸ ਬਰਬਾਦੀ ਤੋਂ ਬਚਿਆ ਜਾ ਸਕਦਾ ਹੈ ਅਤੇ ਇਸ ਬਿਮਾਰੀ ਦਾ ਇਹੋ ਹੀ ਇਲਾਜ ਹੈ। ਪਰ ਜ਼ਰੂਰੀ ਇਹ ਹੈ ਕਿ ਉਹ ਆਪਣੀ ਤਾਕਤ ਤੇ ਨਿਰਭਰ ਹੋਕੇ ਆਪ ਉਠਣ ਅਤੇ ਪੈਦਾਵਾਰ ਦੇ ਇਨ੍ਹਾਂ ਰਿਸ਼ਤਿਆਂ ਨੂੰ ਬਦਲ ਲਈ ਹੰਭਲਾ ਮਾਰਨ ਤਾਂ ਕਿ ਪੈਦਾਵਾਰ ਦਾ ਨਿਸ਼ਾਨਾ ਉਨ੍ਹਾਂ ਦੀਆਂ ਅਤੇ ਹੋਰ ਲੋਕਾਂ ਦੀਆਂ ਲੋੜਾਂ ਪੂਰੀਆਂ ਕਰਨਾ ਹੋਵੇ ਨਾ ਕਿ ਮੰਡੀ ਵਿਚ ਅਜਾਰੇਦਾਰਾਂ ਦੇ ਮੁਨਾਫ਼ੇ ਵਧਾਉਣਾ।

ਇਹ ਸਾਰੇ ਫੈਸਲੇ ਉਹ ਕਿਸ ਤਰਾਂ ਆਪਣੇ ਹੱਥ ਲੈ ਸਕਦੇ ਹਨ? ਇਹ ਫੈਸਲੇ ਇਕ ਸਿਆਸੀ ਲਹਿਰ ਚਲਾ ਕੇ ਹੀ ਆਪਣੇ ਹੱਥਾਂ ਵਿਚ ਲਏ ਜਾ ਸਕਦੇ ਹਨ। ਕਿਸਾਨਾਂ ਨੂੰ ਆਪਣੀ ਕਿਸਮਤ ਦੇ ਫ਼ੈਸਲੇ ਆਪਣੇ ਹੱਥ ਲੈਣ ਦੀ ਲੋੜ ਹੈ। ਇਸ ਲਈ ਉਨ੍ਹਾਂ ਨੂੰ ਇਕ ਮੁੱਠ ਹੋਕੇ ਆਪਣਾ ਪ੍ਰੋਗਰਾਮ ਮਿੱਥਣ ਅਤੇ ਘੋਲ ਚਲਾਉਣ ਦੀ ਲੋੜ ਹੈ ਅਤੇ ਐਵੇਂ ਹੀ ਸਿਆਸੀ ਪਾਰਟੀਆਂ ਦੇ ਮੂੰਹ ਵੇਖਦੇ ਰਹਿਣ ਦਾ ਲਾਭ ਨਹੀਂ। ਉਨ੍ਹਾਂ ਨੂੰ ਆਪ ਹੀ ਹਾਕਮ ਬਣ ਕੇ ਇਹ ਸਭ ਫੈਸਲੇ ਕਰਨ ਦੀ ਲੋੜ ਹੈ। ਉਹ ਇਹ ਫ਼ੈਸਲੇ ਆਪ ਕਰ ਸਕਦੇ ਹਨ ਅਤੇ ਇਸ ਤਬਾਹੀ ਨੂੰ ਰੋਕ ਸਕਦੇ ਹਨ। ਉਨ੍ਹਾਂ ਨੂੰ ਇਕੱਠੇ ਹੋਕੇ ਆਪਣੀ ਪਗੜੀ ਆਪ ਸੰਭਾਲਣ ਦੀ ਲੋੜ ਹੈ ਹੁਣ ਹੋਰ ਕੋਈ ਰਾਹ ਨਹੀਂ। ਆਉਣ ਵਾਲੀਆਂ ਚੋਣਾਂ ਵਿਚ ਉਨ੍ਹਾਂ ਨੂੰ ਕਿਸੇ ਵੀ ਸਿਆਸੀ ਪਾਰਟੀ ਦੇ ਉਮੀਦਵਾਰਾਂ ਨੂੰ ਵੋਟ ਪਾਉਣ ਦੀ ਥਾਂ ਆਪਣੇ ਉਮੀਦਵਾਰ ਖੜੇ ਕਰਨੇ ਚਾਹੀਦੇ ਹਨ। ਪਿਛਲੇ 50 ਸਾਲਾਂ ਦਾ ਤਜਰਬਾ ਦੱਸਦਾ ਹੈ ਕਿ ਇਹ ਸਿਆਸੀ ਪਾਰਟੀਆਂ ਆਮ ਲੋਕਾਂ ਅਤਏ ਕਿਸਾਨਾਂ ਦਾ ਪੱਖ ਨਹੀਂ ਪੂਰਦੀਆਂ। ਇਹ ਤਾਂ ਉਨ੍ਹਾਂ ਨੂੰ ਵੋਟ ਪਾਉਣ ਵਾਲਾ ਇੱਜੜ ਹੀ ਸਮਝਦੀਆਂ ਹਨ। ਇਨ੍ਹਾਂ ਦੇ ਉਮੀਦਵਾਰ ਚੋਣਾਂ ਬਾਅਦ ਕੋਈ ਵੀ ਫੈਸਲਾ ਲੋਕਾਂ ਦੇ ਹੱਕ ਦਾ ਨਹੀਂ ਕਰਦੇ। ਇਸ ਲਈ ਕਿਸਾਨਾਂ ਨੂੰ ਆਪਣੇ ਉਮੀਦਵਾਰ ਖੜੇ ਕਰਕੇ ਅੱਗੇ ਆਉਣਾ ਚਾਹੀਦਾ ਹੈ ਤੇ ਸਿਆਸੀ ਤਾਕਤ ਆਪਣੇ ਹੱਥ ਵਿਚ ਲੈਣੀ ਚਾਹੀਦੀ ਹੈ।

ਇਸ ਵੇਲੇ ਡੀਜ਼ਲ ਦੀ ਕੀਮਤ ਦਾ 50 ਫੀ ਸਦੀ ਹਿੱਸਾ ਟੈਕਸ ਹੈ। ਇਹ ਕਿਸਾਨਾਂ ਦੀ ਸ਼ਰੇ ਆਮ ਲੁੱਟ ਹੈ। ਸਰਕਾਰ ਇਸ ਟੈਕਸ ਦਾ ਪੈਸਾ ਲੋਟੂਆਂ ਦੇ ਹਵਾਲੇ ਹੀ ਕਰ ਦਿੰਦੀ ਹੈ। ਮਿਸਾਲ ਦੇ ਤੌਰ ਤੇ ਸਰਕਾਰ ਨੇ ਪਿਛਲੇ ਸਾਲ ਦੇ ਬਜਟ ਦਾ 74 ਫੀ ਸਦੀ ਹਿੱਸਾ ਸੂਦਖੋਰਾਂ ਦੇ ਹਵਾਲੇ ਹੀ ਕੀਤਾ ਸੀ। ਇਹ ਮੰਗ ਕਰਨੀ ਚਾਹੀਦੀ ਹੈ ਕਿ ਡੀਜ਼ਲ ਅਤੇ ਮਿੱਟੀ ਦੇ ਤੇਲ

ਦਾ ਟੈਕਸ ਖ਼ਤਮ ਕੀਤਾ ਜਾਵੇ। ਕਿਸਾਨਾਂ ਨੂੰ ਇਹ ਵੀ ਮੰਗ ਕਰਨੀ ਚਾਹੀਦੀ ਹੈ ਕਿ ਛੋਟੇ ਕਿਸਾਨਾਂ ਦੇ ਸਾਰੇ ਕਰਜ਼ੇ ਖ਼ਤਮ ਕੀਤੇ ਜਾਣ। ਸੂਦਖੋਰਾਂ ਅਤੇ ਬੈਂਕਾਂ ਨੂੰ ਵਿਆਜ ਦੇ ਦੇ ਕੇ ਉਹ ਇਹ ਕਰਜ਼ੇ ਕਈ ਕਈ ਵਾਰ ਵਾਪਸ ਕਰ ਚੁਕੇ ਹਨ।

ਆਪਣੀ ਫ਼ਸਲਾਂ ਦੀ ਕੀਮਤ ਉਨ੍ਹਾਂ ਨੂੰ ਮੰਡੀ ਜਾਂ ਸਰਕਾਰ ਦੇ ਹੱਥ ਵਿਚ ਨਹੀ ਛੱਡਣੀ ਚਾਹੀਦੀ ਤੇ ਆਪਣੇ ਹੱਥ ਵਿਚ ਲੈਣੀ ਚਾਹੀਦੀ ਹੈ। ਆਪਣੀ ਫ਼ਸਲ ਦੀ ਮੁਨਾਸਿਬ ਕੀਮਤ ਲੈਣ ਲਈ ਉਨ੍ਹਾਂ ਨੂੰ ਇਕੱਠੇ ਹੋ ਕੇ ਘੋਲ ਕਰਨਾ ਚਾਹੀਦਾ ਹੈ ਤੇ ਜਿੰਨਾਂ ਚਿਰ ਲਾਹੇਵੰਦ ਭਾਅ ਨਹੀਂ ਮਿਲਦੇ ਉਨ੍ਹਾਂ ਨੂੰ ਆਪਣੀਆਂ ਫ਼ਸਲਾਂ ਸਰਕਾਰੀ ਗੁਦਾਮਾਂ ਵਿਚ ਰੋਕ ਕੇ ਰੱਖਣੀਆਂ ਚਾਹੀਦੀਆਂ ਹਨ। ਇਕ ਦੂਸਰੇ ਦੀ ਮਾਲੀ ਮੱਦਦ ਕਰਨੀ ਚਾਹੀਦੀ ਹੈ ਕਿਉਂਕਿ ਛੋਟੇ ਕਿਸਾਨਾਂ ਕੋਲ ਫ਼ਸਲ ਰੱਖਣ ਲਈ ਗੁਦਾਮ ਵੀ ਨਹੀਂ ਹੁੰਦੇ ਤੇ ਫ਼ਸਲ ਵੇਚੇ ਬਗੈਰ ਉਨ੍ਹਾਂ ਦਾ ਸਰਦਾ ਵੀ ਨਹੀਂ ਇਸ ਕਰਕੇ ਉਨ੍ਹਾਂ ਨੂੰ ਆਪਣੀ ਫ਼ਸਲ ਵੇਚਣੀ ਹੀ ਪੈਂਦੀ ਹੈ। ਕਿਸਾਨਾਂ ਨੂੰ ਇਕੱਠੇ ਹੋਕੇ ਸਰਕਾਰੀ ਗੁਦਾਮਾਂ ਤੇ ਕਬਜ਼ਾ ਕਰਨਾ ਅਤੇ ਇਨ੍ਹਾਂ ਦਾ ਇਸਤੇਮਾਲ ਕਰਨਾ ਚਾਹੀਦਾ ਹੈ। ਇਹ ਸਰਕਾਰੀ ਗੁਦਾਮ ਵੀ ਲੋਕਾਂ ਦੇ ਪੈਸੇ ਨਾਲ ਹੀ ਬਣਾਏ ਗਏ ਹਨ ਤੇ ਕਿਸਾਨਾਂ ਨੂੰ ਆਪਣੇ ਫਾਇਦੇ ਲਈ ਇਨ੍ਹਾਂ ਨੂੰ ਵਰਤਣਾ ਚਾਹੀਦਾ ਹੈ। ਆਪਣੇ ਏਕੇ ਨਾਲ ਕਿਸਾਨ ਇਹ ਕੰਮ ਕਰ ਸਕਦੇ ਹਨ। ਆਪਣੀ ਤਬਾਹੀ ਰੋਕਣ ਦਾ ਇਕੋ ਰਾਹ ਉਨ੍ਹਾਂ ਦੀ ਏਕਤਾ ਅਤੇ ਇਕ ਮੁੱਠ ਹੋਕੇ ਘੋਲ ਹੀ ਹੈ। ਉਨ੍ਹਾਂ ਨੂੰ ਕਿਸੇ ਵੀ ਸਿਆਸੀ ਪਾਰਟੀ ਦੇ ਝਾਂਸੇ ਵਿਚ ਨਹੀਂ ਫਸਣਾ ਚਾਹੀਦਾ ਹੈ ਜੋ ਇਹ ਕਹਿੰਦੀ ਹੈ ਕਿ ਜੇ ਉਨ੍ਹਾਂ ਨੇ ਉਸ ਪਾਰਟੀ ਦੇ ਉਮੀਦਵਾਰ ਨੂੰ ਵੋਟ ਪਾਇਆ ਤਾਂ ਉਨ੍ਹਾਂ ਦਾ ਕੁਝ ਬਣ ਜਾਵੇਗਾ। ਇਹ ਸਿਰਫ਼ ਫਰੇਬ ਅਤੇ ਧੋਖਾ ਹੀ ਹੈ। ਉਨ੍ਹਾਂ ਨੂੰ ਕਾਂਗਰਸ, ਅਕਾਲੀ, ਸੱਜੇ ਖੱਬੇ ਕਾਮਰੇਡਾਂ ਅਤੇ ਹੋਰਨਾਂ ਦਾ ਖਹਿੜਾ ਛੱਡ ਕੇ ਖ਼ੁਦ ਆਪ ਤਾਕਤ ਵਿਚ ਆਉਣ ਤੇ ਫੈਸਲੇ ਕਰਨ ਦੀ ਲੋੜ ਹੈ। ਇਹ ਹੀ ਉਨ੍ਹਾਂ ਦੀ ਮੁਕਤੀ ਦਾ ਰਾਹ ਹੈ।

ਇਸ ਕੰਮ ਵਿਚ ਉਨ੍ਹਾਂ ਨੂੰ ਪੰਜਾਬ ਦੇ ਮਜ਼ਦੂਰਾਂ, ਨੌਜਵਾਨਾਂ, ਕਰਮਚਾਰੀਆਂ, ਇਨਕਲਾਬੀਆਂ ਅਤੇ ਰੌਸ਼ਨ ਖ਼ਿਆਲ ਲੋਕਾਂ ਦੀ ਭਰਪੂਰ ਹਮਦਰਦੀ ਅਤੇ ਹਮਾਇਤ ਮਿਲੇਗੀ ਅਤੇ ਉਹ ਆਪਣੀ ਅਤੇ ਪੰਜਾਬ ਦੀ ਬਰਬਾਦੀ ਨੂੰ ਰੋਕ ਸਕਦੇ ਹਨ। ਪੰਜਾਬ ਦੇ ਖੱਬੇ ਸੱਜੇ ਕਾਮਰੇਡਾਂ ਨੂੰ ਵੀ ਮਨਮੋਹਨ ਸਿੰਘ ਦੀ ਸਰਕਾਰ ਨੂੰ ਜੱਫੀਆਂ ਪਾਉਣਾ ਛੱਡ ਕੇ ਕਿਸਾਨਾਂ ਦੇ ਸੰਘਰਸ਼ ਵਿਚ ਮੋਢੇ ਨਾਲ ਮੋਢਾ ਲਾ ਕੇ ਖੜਾ ਹੋਣਾ ਚਾਹੀਦਾ ਹੈ। ਇਹ ਉਹ ਵਕਤ ਹੈ ਜਿਸ ਬਾਰੇ ਕਿਸੇ ਸ਼ਾਇਰ ਨੇ ਕੁਝ ਇੰਜ ਕਿਹਾ ਹੈਃ-

ਵਾਗਾਂ ਛੱਡਦੇ ਹੰਝੂਆਂ ਵਾਲੀਆਂ ਨੀ

ਪੈਰ ਧਰਨ ਦੇ ਮੈਨੂੰ ਰਕਾਬ ਉੱਤੇ

ਸਾਡੇ ਦੇਸ਼ ਤੇ ਪਈ ਐ ਭੀੜ ਭਾਰੀ

ਟੁੱਟ ਪਏ ਨੇ ਵੈਰੀ ਪੰਜਾਬ ਉੱਤੇ

ਇਸ ਵੇਲੇ ਪੈਦਾਵਾਰ ਦੇ ਰਿਸ਼ਤੇ ਪੁਰਾਣੇ ਰਿਸ਼ਤੇ ਪੰਜਾਬ ਦੇ ਵੈਰੀ ਹਨ, ਰਾਜ ਤੰਤ੍ਰ ਅਤੇ ਸਿਆਸੀ ਪ੍ਰਣਾਲੀ ਪੰਜਾਬ ਤੇ ਪੰਜਾਬੀਆਂ ਦੀ ਵੈਰੀ ਹੈ। ਪੰਜਾਬ ਦੇ ਕਿਸਾਨਾਂ ਅਤੇ ਲੋਕਾਂ ਨੂੰ ਹੁਣ ਇਸ ਘੋਲ ਲਈ ਲੱਕ ਬੰਨ੍ਹਣ ਦੀ ਲੋੜ ਹੈ। ਉਨ੍ਹਾਂ ਦਾ ਆਪਣਾ ਭਲਾ ਵੀ ਅਤੇ ਸਰਬੱਤ ਦਾ ਭਲਾ ਵੀ ਇਸੇ ਵਿਚ ਹੀ ਹੈ।